ਨੰ: 6/26/2011-6ਪੀ.ਪੀ.3/1276
ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ.ਪੀ.3 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾਂ ਦੇ ਕਮਿਸ਼ਨਰਜ਼,
ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਅਤੇ
ਉੱਪ ਮੰਡਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 8-8-2012

ਵਿਸ਼ਾ: **ਇਸਤਰੀ ਸਰਕਾਰੀ ਕਰਮਚਾਰੀਆਂ ਲਈ ਚਾਈਲਡ ਕੇਅਰ ਲੀਵ ਦਾ ਉਪਬੰਧ ਕਰਨ ਬਾਰੇ।**

*******

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸੇ ਤੇ ਮੈਨੂੰ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਗਸਤੀ ਪਤੱਰ ਨੰ: 6/26/2011-6ਪੀਪੀ3/2046 ਮਿਤੀ 22-12-2011 ਜਿਸ ਰਾਂਹੀ ਇਸਤਰੀ ਸਰਕਾਰੀ ਕਰਮਚਾਰੀਆਂ ਨੂੰ ਚਾਈਲਡ ਕੇਅਰ ਲੀਵ ਦੇਣ ਸਬੰਧੀ ਉਪਬੰਧ ਕੀਤਾ ਗਿਆ ਹੈ ਵੱਲ ਦਿਵਾਉਂਦੇ ਹੋਏ, ਵੱਖ-ਵੱਖ ਵਿਭਾਗਾਂ ਪਾਸੋਂ ਮੰਗੇ ਜਾ ਰਹੇ ਸਪੱਸਟੀਕਰਨਾਂ ਸਬੰਧੀ ਹੇਠ ਅਨੁਸਾਰ ਸਪੱਸਟੀਕਰਨ/ਉਪਬੰਧ ਜਾਰੀ ਕਰਨ ਦੀ ਹਦਾਇਤ ਹੋਈ ਹੈ :-

1. ਚਾਈਲਡ ਕੇਅਰ ਲੀਵ ਪਹਿਲੇ ਦੋ ਜੀਵਤ ਬੱਚਿਆਂ ਲਈ ਹੀ ਮਿਲਣਯੋਗ ਹੋਵੇਗੀ।

2. ਚਾਈਲਡ ਕੇਅਰ ਲੀਵ ਸਬੰਧੀ ਜਾਰੀ ਹਦਾਇਤਾਂ ਮਿਤੀ 22-12-2011 ਦੇ ਉਪਬੰਧ 'ਅ' ਸਬੰਧੀ ਇਹ ਵੀ ਸਪੱਸਟ ਕੀਤਾ ਜਾਂਦਾ ਹੈ ਕਿ ਚਾਈਲਡ ਕੇਅਰ ਲੀਵ ਇਸਤਰੀ ਸਰਕਾਰੀ ਕਰਮਚਾਰੀਆਂ ਨੂੰ ਜਿਹੜੇ ਬੱਚੇ ਵਿਦੇਸ ਵਿੱਚ ਰਹਿੰਦੇ ਹਨ ਦੀ ਪ੍ਰੀਖਿਆ ਦੌਰਾਨ ਜਾਂ ਬਿਮਾਰੀ ਦੌਰਾਨ ਇਸ ਸਰਤ ਤੇ ਪ੍ਰਵਾਨ ਕੀਤੀ ਜਾਵੇ ਕਿ ਉਹ ਇਸ ਸਬੰਧੀ ਲੋੜੀਂਦਾ ਸਰਟੀਫਿਕੇਟ ਸਬੰਧਤ ਪੜਾਈ ਵਾਲੀ ਸੰਸਥਾ ਜਾਂ Authorised Doctor ਤੋਂ ਜਾਰੀ ਕੀਤਾ ਹੋਵੇ ਦੇਣਾ ਹੋਵੇਗਾ । ਇਸਤਰੀ ਕਰਮਚਾਰੀ ਵਿਦੇਸ ਜਾਣ ਲਈ ਸਬੰਧਤ ਸਰਕਾਰੀ ਨਿਯਮਾਂ/ਹਦਾਇਤਾਂ ਦੀ ਪਾਲਣਾ ਕਰੇਗੀ ਅਤੇ ਇਸ ਛੁੱਟੀ ਦਾ ਲਗਭੱਗ 80% ਸਮਾਂ ਵਿਦੇਸ ਵਿੱਚ ਹੀ ਬਿਤਾਏਗੀ।

   ਬੱਚੇ ਦੀ ਪ੍ਰੀਖਿਆ ਕਾਰਨ ਦਿੱਤੀ ਜਾਣ ਵਾਲੀ ਛੁੱਟੀ ਸਬੰਧੀ ਤਸਦੀਕ ਕਰਨਾ ਪਵੇਗਾ ਕਿ ਜੇਕਰ ਬੱਚਾ ਭਾਰਤ ਵਿੱਚ ਜਾਂ ਵਿਦੇਸ ਵਿੱਚ, ਹੋਸਟਲ ਵਿੱਚ ਰਹਿੰਦੇ ਹੋਏ ਪੜ ਰਿਹਾ ਹੈ ਤਾਂ ਇਸਤਰੀ ਕਰਮਚਾਰੀ ਨੂੰ ਸਪੱਸਟ ਕਰਨਾ ਹੋਵੇਗਾ ਕਿ ਉਹ ਹੋਸਟਲ ਵਿੱਚ ਉਸ ਦੀ ਦੇਖਭਾਲ ਕਿਵੇਂ ਕਰੇਗੀ।

3. ਪਹਿਲਾਂ ਅਵੇਲ ਕੀਤੀ ਜਾ ਰਹੀ ਜਾਂ ਅਵੇਲ ਕੀਤੀ ਜਾ ਚੁੱਕੀ ਕਿਸੇ ਤਰ੍ਹਾਂ ਦੀ ਛੁੱਟੀ ਨੂੰ ਚਾਈਲਡ ਕੇਅਰ ਲੀਵ ਵਿੱਚ ਤਬਦੀਲ ਨਹੀ ਕੀਤਾ ਜਾਵੇਗਾ।

4. ਚਾਈਲਡ ਕੇਅਰ ਲੀਵ ਦੌਰਾਨ ਐਲ.ਟੀ.ਸੀ. ਅਵੇਲ ਨਹੀ ਕੀਤਾ ਜਾਵੇਗਾ, ਕਿਉਕਿ ਇਹ ਛੁੱਟੀ ਇਕ ਵਿਸੇਸ ਮੰਤਵ ਲਈ ਹੈ।

5. ਇਹ ਛੁੱਟੀ ਸਬੰਧੀ ਜੇਕਰ ਕੋਈ ਸਪੈਲ (Spell) ਦਸੰਬਰ ਵਿੱਚ ਸੁਰੂ ਹੋ ਕੇ ਅਗਲੇ ਸਾਲ ਵਿੱਚ ਖਤਮ ਹੁੰਦਾ ਹੈ ਤਾਂ ਇਸ ਸਬੰਧੀ ਉਹ ਇਕ ਸਪੈਲ (Spell) ਮੰਨਿਆ ਜਾਵੇਗਾ, ਜਿਸ ਸਾਲ ਵਿੱਚ ਇਹ ਛੁੱਟੀ ਮੰਜੂਰ ਕੀਤੀ ਜਾਂਦੀ ਹੈ।

2. ਇਹ ਹਦਾਇਤਾਂ ਆਪਣੇ ਅਧੀਨ ਸਮੂਹ ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

3. ਇਹ ਪਤੱਰ ਵਿੱਤ ਵਿਭਾਗ ਦੀ ਪ੍ਰਵਾਨਗੀ ਜੋ ਉਨ੍ਹਾਂ ਦੇ ਅੰ:ਵਿ:ਪੱ:ਨੰ:1/28/2009-3ਵਿਪ੍ਰ2/308 ਮਿਤੀ 25-7-2012 ਰਾਂਹੀ ਪ੍ਰਾਪਤ ਹੋਈ ਹੈ, ਉਪਰੰਤ ਜਾਰੀ ਕੀਤਾ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਪੰਜਾਬ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ/ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ,
ਪੰਜਾਬ ।

ਅੰ.ਵਿ.ਪੱ.ਨੰ: 6/26/2011-6ਪੀ.ਪੀ.3/1277 ਮਿਤੀ, ਚੰਡੀਗੜ੍ਹ: 8-8-2012
ਪਿੱ:ਅੰ:ਨੰ:6/26/2011-6ਪੀਪੀ3/1278 ਮਿਤੀ,ਚੰਡੀਗੜ: 8-8-2012

ਇਸ ਦਾ ਇਕ ਉਤਾਰਾ ਪੰਜਾਬ ਸਰਕਾਰ ਅਧੀਨ ਕੰਮ ਕਰਦੇ ਸਾਰੇ ਬੋਰਡਾਂ/ਕਾਰਪੋਰੇਸ਼ਨਾਂ ਆਦਿ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਉਪ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਵਿੱਤ ਵਿਭਾਗ, ਪੰਜਾਬ (ਵਿੱਤ ਪ੍ਰਸੋਨਲ-2 ਸਾਖਾ) ਨੂੰ ਉਨ੍ਹਾਂ ਦੇ ਅੰ.ਵਿ.ਪੱ.ਨੰ: 1/28/2009-3ਵਿਪ੍ਰ2/308 ਮਿਤੀ 25-7-2012 ਦੇ ਹਵਾਲੇ ਵਿੱਚ ਸਬੰਧਤ ਨਿਯਮਾਂ ਵਿੱਚ ਸੋਧ ਕਰਨ ਲਈ ਭੇਜਿਆ ਜਾਂਦਾ ਹੈ ।

ਉਪ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ,
ਵਿੱਤ ਵਿਭਾਗ, ਪੰਜਾਬ,
(ਵਿੱਤ ਪ੍ਰਸੋਨਲ-2 ਸ਼ਾਖਾ) ।
ਅੰ.ਵਿ.ਪੱ.ਨੰ: 6/26/2011-6ਪੀ.ਪੀ.3/1279 ਮਿਤੀ, ਚੰਡੀਗੜ੍ਹ: 8-8-2012